# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 29 ਅਗਸਤ 2025 ਦਿਨ ਸ਼ੁੱਕਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸਨਸੈੱਟ ਇੰਡੋ ਕਨੇਡੀਅਨ ਸੀਨੀਅਰਜ਼ ਸੁਸਾਇਟੀ ਵੈਨਕੂਵਰ ਵੱਲੋਂ 'ਵਰਲਡ ਸੀਨੀਅਰਜ਼ ਡੇ' ਮਨਾਇਆ ਗਿਆ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਵੈਨਕੂਵਰ, 29 ਅਗਸਤ : ਇੰਡੋ ਕਨੇਡੀਅਨ ਸੀਨੀਅਰਜ਼ ਸੁਸਾਇਟੀ ਵੈਨਕੂਵਰ ਵੱਲੋਂ ਬੀਤੇ ਦਿਨੀਂ ਸਨਸੈੱਟ ਕਮਿਊਨਿਟੀ ਸੈਂਟਰ ਵੈਨਕੂਵਰ ਵਿਖੇ ਆਪਣੀ ਵਿਸ਼ੇਸ਼ ਸਭਾ ਦੌਰਾਨ 'ਵਰਲਡ ਸੀਨੀਅਰਜ਼ ਡੇ' ਮਨਾਇਆ ਗਿਆ। ਇਸ ਮੌਕੇ ਵੈਲਫੇਅਰ ਸੋਸਾਇਟੀ ਸਰੀ ਦੇ ਜਸਵਿੰਦਰ ਸਿੰਘ ਮਾਹਲ ਆਪਣੀ ਟੀਮ ਨਾਲ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ।



ਸੁਸਾਇਟੀ ਦੇ ਸਕੱਤਰ ਸੁਰਜੀਤ ਸਿੰਘ ਮਿਨਹਾਸ ਨੇ ਆਏ ਸਾਰੇ ਮਹਿਮਾਨਾਂ ਦਾ ਸਵਾਗਤ ਕੀਤਾ। ਸਭਾ ਦੇ ਮੀਤ ਪ੍ਰਧਾਨ ਮੁਖਤਿਆਰ ਸਿੰਘ ਬੋਪਾਰਾਏ ਨੇ 'ਸੀਨੀਅਰਜ਼ ਡੇ' ਦਾ ਇਤਿਹਾਸ ਅਤੇ ਸਮਾਜ ਵਿੱਚ ਸੀਨੀਅਰਜ਼ ਦੀ ਵਿਸ਼ੇਸ਼ ਮਹੱਤਤਾ ਬਾਰੇ ਚਾਨਣਾ ਪਾਇਆ। ਜਸਵਿੰਦਰ ਸਿੰਘ ਮਾਹਲ ਵੱਲੋਂ ਬਜ਼ੁਰਗਾਂ ਲਈ ਕੁਝ ਖੇਡਾਂ ਦਾ ਪ੍ਰਬੰਧ ਕੀਤਾ ਗਿਆ ਅਤੇ ਖੇਡਾਂ ਵਿਚ ਜੇਤੂ ਰਹਿਣ ਵਾਲਿਆਂ ਨੂੰ ਇਨਾਮ ਦਿੱਤੇ ਗਏ। ਸਭਾ ਦੇ ਜਾਇੰਟ ਸਕੱਤਰ ਅਜੰਟ ਸਿੰਘ ਸਿੱਧੂ ਨੇ ਦੇਸ਼ ਵਿਦੇਸ਼ ਦੀਆਂ ਖਬਰਾਂ ਸੁਣਾਈਆਂ ਅਤੇ ਗੁਰਦਰਸ਼ਨ ਮਠਾੜੂ ਨੇ ਯੋਗਾ ਕਰਵਾਇਆ। ਸੁਸਾਇਟੀ ਦੇ ਕਲਾਕਾਰ ਮੈਂਬਰਾਂ ਵੱਲੋਂ ਕਵਿਤਾਵਾਂ, ਗੀਤਾਂ, ਬੋਲੀਆਂ ਅਤੇ ਚੁਟਕਲਿਆਂ ਨਾਲ ਖੂਬ ਰੰਗ ਬੰਨ੍ਹਿਆ ਗਿਆ। ਸੀਨੀਅਰਜ਼ ਡੇ 'ਤੇ ਸੇਵਾ ਕਰਨ ਵਾਲੇ ਸੁਸਾਇਟੀ ਦੇ ਚਾਰ ਵਲੰਟੀਅਰਾਂ ਜਰਨੈਲ ਸਿੰਘ ਹੀਰ ਸਹੋਤਾ, ਮੱਖਣ ਸਿੰਘ ਸਿੱਧੂ, ਬਲਦੇਵ ਸਿੰਘ ਰੱਖੜਾ ਅਤੇ ਸੁਰਜੀਤ ਸਿੰਘ ਭੱਟੀ ਨੂੰ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।

ਅੰਤ ਵਿੱਚ ਸੁਸਾਇਟੀ ਦੇ ਪ੍ਰਧਾਨ ਗੁਰਬਖਸ਼ ਸਿੰਘ ਸਿੱਧੂ ਨੇ ਸਾਰਿਆਂ ਨੂੰ 'ਸੀਨੀਅਰਜ਼ ਡੇ' ਦੀ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਬਹੁਤ ਸਾਰੇ ਸੀਨੀਅਰਜ਼ ਆਮ ਤੌਰ 'ਤੇ ਇਕੱਲਤਾ ਕਾਰਨ ਮਾਨਸਿਕ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ। ਇਸ ਲਈ ਸਾਨੂੰ ਇਕੱਲਤਾ ਨੂੰ ਦੂਰ ਕਰਨ ਲਈ ਇਕ ਦੂਜੇ ਨਾਲ ਆਪਣੇ ਮਨ ਦੇ ਵਲਵਲੇ ਸਾਂਝੇ ਕਰਨੇ ਚਾਹੀਦੇ ਹਨ ਅਤੇ ਸੀਨੀਅਰਜ਼ ਸੁਸਾਇਟੀਆਂ ਵਿੱਚ ਵਿਚਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਦੌਰਾਨ ਸੁਸਾਇਟੀ ਵੱਲੋਂ ਵਿਸ਼ੇਸ਼ ਰੁਚੀਆਂ ਰੱਖਣ ਵਾਲੇ ਸਾਥੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ।

## ਸਾਦਿਕ ਦੇ ਆੜਤੀ ਨੇ ਲੋੜਵੰਦ ਲੜਕੀ ਦੀ ਸ਼ਾਦੀ ਵਿੱਚ 15 ਹਜਾਰ ਰੁਪੈ ਗੁਪਤ ਦਾਨ ਕੀਤਾ।

### ਪਹਿਲਾ ਵੀ ਲੋੜਵੰਦਾਂ ਲਈ 5 ਕੁਇੰਟਲ ਕਣਕ ਤੇ ਮਰੀਜ਼ ਦੇ ਇਲਾਜ ਲਈ 10 ਹਜ਼ਾਰ ਰੁਪਏ ਦਾਨ ਕੀਤੇ ਸਨ ।


ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ



ਸਾਦਿਕ 29 ਅਗਸਤ : ਗੁਰਬਤ ਦੀ ਜਿੰਦਗੀ ਜੀਅ ਰਹੇ ਇਨਸਾਨਾਂ ਲਈ ਦਾਨੀ ਸੱਜਣ ਲੋੜਵੰਦਾਂ ਲਈ ਧਰਤੀ ਤੇ ਰੱਬ ਬਣਕੇ ਬਹੁੜਦੇ ਹਨ । ਕਿਰਦਾਰ ਪਹਿਰਾਵੇ, ਸ਼ੌਹਰਤ ਤੇ ਦੌਲਤ ਦਾ ਮੁਹਤਾਜ ਨਹੀਂ ਹੁੰਦਾ। ਸੱਚੇ ਸੁੱਚੇ ਕਿਰਦਾਰ ਨੂੰ ਸਿਰਜਣਾ, ਹੰਢਾਉਣਾ ਤੇ ਜਿਉਣਾ ਪੈਂਦਾ ਆ। ਕਿਰਦਾਰ ਜੇਰੇ ਹੌਸਲੇ ਤੇ ਚੰਗੀ ਸੋਚ ਤੋਂ ਬਿਨਾਂ ਨਹੀਂ ਸਿਰਜੇ ਜਾ ਸਕਦੇ । ਅਜਿਹਾ ਹੀ ਦਾਨੀ ਹੋਣ ਦਾ ਕਿਰਦਾਰ ਸਿਰਜਿਆ ਹੈ ਸਾਦਿਕ ਦੇ ਆੜਤੀ ਨੇ ਜਿਸ ਨੇ ਇੱਕ ਲੋੜਵੰਦ ਲੜਕੀ ਦੀ ਸ਼ਾਦੀ ਵਿੱਚ ਗੁਪਤ ਰੂਪ ਵਿੱਚ 15 ਹਜਾਰ ਦੀ ਭਾਜੀ ਤੇ ਬਰਾਤ ਲਈ ਚਾਹ ਪਾਣੀ ਤੇ ਰੋਟੀ ਲਈ ਹਲਵਾਈ ਦਾ ਰਾਸ਼ਨ ਦੁਕਾਨਦਾਰ ਤੋਂ ਲੈਕੇ ਲੜਕੀ ਦੇ ਮਾਪਿਆ ਦੇ ਹਵਾਲੇ ਕੀਤਾ । ਅਸਲ ਇਨਸਾਨ ਉਹੀ ਹੈ ਜੋ ਦੂਸਰੇ ਦੁਖੀ ਇਨਸਾਨ ਦੇ ਕੰਮ ਆਉਂਦਾ ਹੈ । ਇਸ ਆੜਤੀ ਨੇ ਪਹਿਲਾ ਵੀ ਪਰਉਪਕਾਰੀ ਕੰਮ ਕੀਤਾ ਸੀ ਜਦ ਉਸ ਨੇ ਕਣਕ ਦੇ ਸੀਜਨ ਵਿੱਚ ਮੰਡੀ ਚੋ 5 ਕੁਇੰਟਲ ਕਣਕ ਲੋੜਵੰਦਾਂ ਨੂੰ ਦਾਨ ਕੀਤੀ ਸੀ। ਇਹ ਪੰਜ ਕੁਇੰਟਲ ਕਣਕ ਉਹਨਾਂ ਪ੍ਰਵਾਰਾਂ ਨੂੰ ਦਿੱਤੀ ਗਈ ਸੀ ਜਿਹਨਾਂ ਦੇ ਘਰ ਕੋਈ ਮਰਦ ਕਮਾਈ ਕਰਨ ਵਾਲਾ ਨਹੀਂ। ਜਿਹਨਾਂ ਦਾ ਆਟਾ ਦਾਲ ਸਕੀਮ ਕਾਰਡ ਵੀ ਨਹੀਂ ਬਣਿਆ ਸੀ। ਇਹ ਉਹ ਲੋੜਵੰਦ ਪ੍ਰਵਾਰ ਹਨ ਜਿਹਨਾਂ ਦੀ ਜਿੰਦਗੀ ਦਾਨੀਆ ਆਸਰੇ ਹੀ ਸੁਖਾਲੀ ਹੁੰਦੀ ਹੈ । ਭਾਵੇ ਇਹ ਪ੍ਰਵਾਰ ਮੇਹਨਤ ਮਜਦੂਰੀ ਕਰਦੇ ਹਨ ਪਰ ਇੱਕ ਔਰਤ ਨੂੰ ਛੋਟੇ ਬੇਸਹਾਰਾ ਬੱਚਿਆਂ ਨਾਲ ਜਿੰਦਗੀ ਗੁਜਾਰਨੀ ਮਹਿੰਗਾਈ ਦੇ ਜਮਾਨੇ ਵਿੱਚ ਬੜੀ ਮੁਸ਼ਕੁਲ ਹੈ । ਇਸ ਤੋਂ ਪਹਿਲਾ ਵੀ ਇਸ ਆੜਤੀ ਦੁਕਾਨਦਾਰ ਦੁਆਰਾ ਲੋੜਵੰਦ ਦੇ ਇਲਾਜ ਵਿੱਚ ਦਸ ਹਜਾਰ ਰੁਪਏ ਗੁਪਤ ਤੌਰ ਤੇ ਦਾਨ ਕਰਕੇ ਇਲਾਜ ਵਿੱਚ ਮੱਦਦ ਕੀਤੀ ਜਾ ਚੁੱਕੀ ਹੈ । ਆਉ ਸਾਡੇ ਆਸ ਪਾਸ ਹੀ ਰਹਿ ਰਹੇ ਲੋੜਵੰਦਾਂ ਦਾ ਆਸਰਾ ਬਣੀਏ । ਗੁਪਤਦਾਨੀ ਦਾ ਲੋੜਵੰਦ ਪ੍ਰਵਾਰਾਂ ਨੇ ਕੋਟਿਨ ਕੋਟਿ ਧੰਨਵਾਦ ਕੀਤਾ। ਭਾਵੇ ਬਹੁਤੇ ਲੋਕਾਂ ਕੋਲ ਪੈਸੇ ਦੀ ਘਾਟ ਨਹੀਂ ਪਰ ਚੰਗੀ ਸੋਚ ਤੇ ਹੌਸਲੇ ਬਿਨ੍ਹਾਂ ਦਾਨ ਨਹੀਂ ਕੀਤਾ ਜਾ ਸਕਦਾ । ਪਰਦੀਪ ਚਮਕ ਨੇ ਦੱਸਿਆ ਕਿ ਜਦ ਲੜਕੀ ਦੀ ਸ਼ਾਦੀ ਵਿੱਚ ਸਹਾਇਤਾ ਲਈ ਲੜਕੀ ਦੇ ਮਾਪਿਆ ਨੇ ਗੁਹਾਰ ਲਗਾਈ ਤਾਂ ਧਰਮਿੰਦਰ ਸਿੰਘ ਫਰੀਦਕੋਟ, ਸੇਵਾ ਮੁਕਤ ਪਾਵਰਕਾਮ ਅਫਸਰ ਰੋਸ਼ਨ ਲਾਲ, ਬੀਪੀ ਸਿੰਘ ਮਦਾਨ, ਜਗਦੀਸ਼ ਚਾਵਲਾ ਨੇ ਲੜਕੀ ਦੀ ਸ਼ਾਦੀ ਵਿੱਚ ਸਹਾਇਤਾ ਕਰਕੇ ਪਰਉਪਕਾਰੀ ਕੰਮ ਕੀਤਾ । ਉਹਨਾਂ ਦੱਸਿਆ ਕਿ ਵਿਆਹ ਦੀ ਭਾਜੀ ਵਿੱਚ ਲੱਡੂ, ਭੁਜੀਆ , ਬਦਾਨਾ, ਸ਼ਕਰਪਾਰੇ, ਪਕੌੜੀਆ ਬਰਫੀ, ਰਸਗੁੱਲੇ ਗੁਲਾਬ ਜਾਮੁਨ ਆਦਿ ਹਲਵਾਈ ਦਾ ਸਮਾਨ ਰਾਸ਼ਨ , ਪੰਜ ਲੜਕੀ ਲਈ ਵਰੀ ਦੇ ਮਹਿੰਗੇ ਸੂਟ ਸਮੇਤ ਫੁਲਕਾਰੀ, ਭਾਂਡੇ ਆਦਿ ਸਮਾਨ ਉਕਤ ਦਾਨੀਆ ਨੇ ਦਿੱਤਾ । ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡਾ ਧਰਮ ਹੈ ਦੇ ਕਥਨ ਤੇ ਚਲਦਿਆ ਦਾਨੀ ਪ੍ਰਵਾਰਾਂ ਨੇ ਲੋੜਵੰਦ ਲੜਕੀ ਨੂੰ ਲੋੜੀਂਦਾ ਸਮਾਨ ਦੇ ਕੇ ਸ਼ਾਦੀ ਵਿੱਚ ਸਹਾਇਤਾ ਕੀਤੀ । ਆਉ ਆਪਣੇ ਆਸ ਪਾਸ ਰਹਿੰਦੇ ਲੋੜਵੰਦਾਂ ਲਈ ਸਹਾਰਾ ਬਣੀਏ ।

## ਡਾ. ਰਵਿੰਦਰ ਸਿੰਘ ਸਕੂਲ ਦੇ 25 ਵਿਦਿਆਰਥੀਆਂ ਨੇ ਨੈਤਿਕ ਸਿੱਖਿਆ ਪ੍ਰੀਖਿਆ ਵਿੱਚ ਭਾਗ ਲਿਆ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ





ਕੋਟਕਪੂਰਾ, 29 ਅਗਸਤ : ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਵਿਦਿਆਰਥੀ ਵਰਗ ਵਿੱਚ ਨੈਤਿਕ ਕਦਰਾਂ ਕੀਮਤਾਂ ਦੀ ਪ੍ਰਫੁੱਲਤਾ ਲਈ ਨੈਤਿਕ ਸਿੱਖਿਆ ਇਮਤਿਹਾਨ ਦਾ ਆਯੋਜਨ ਕੀਤਾ ਗਿਆ। ਇਹ ਇਮਤਿਹਾਨ ਤਿੰਨ ਵਰਗਾਂ ਦੇ ਵਿੱਚ ਹੋਇਆ, ਜਿਸ ਦੀ ਤਿਆਰੀ ਸੰਪਾਦਕ ਪ੍ਰਿਥੀ ਸਿੰਘ ਦੀ ਕਿਤਾਬ ਤੇਗ ਬਹਾਦਰ ਸਿਮਰਿਐ ਅਤੇ ਬਾਲ ਵਿਰਸਾ (ਵਿਰਸਾ ਪਬਲੀਕੇਸ਼ਨ) ਵਿੱਚੋਂ ਕਰਵਾਈ ਗਈ, ਜਿਸ ਵਿੱਚ ਡਾ. ਰਵਿੰਦਰ ਕੌਨਵੈਂਟ ਸਕੂਲ, ਬਾਜਾਖਾਨਾ ਦੇ ਤਿੰਨਾਂ ਵਰਗਾਂ ਦੇ 25 ਵਿਦਿਆਰਥੀਆਂ ਨੇ ਭਾਗ ਲਿਆ। ਇਸ ਇਮਤਿਹਾਨ ਵਿੱਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੀ ਟੀਮ ਦੇ ਮੈਂਬਰ ਬਲਜੀਤ ਸਿੰਘ ਰਾਜਵੀਰ ਕੌਰ ਤੇ ਸੁਖਪ੍ਰੀਤ ਕੌਰ ਅਤੇ ਡਾ. ਰਵਿੰਦਰ ਕਾਨਵੈਂਟ ਸਕੂਲ ਦੇ ਅਧਿਆਪਕ ਰਮਨਦੀਪ ਕੌਰ ਅਤੇ ਪ੍ਰਿੰਸੀਪਲ ਸ੍ਰਿਸ਼ਟੀ ਸ਼ਰਮਾ ਨੇ ਸੈਂਟਰ ਸੁਪਰਡੈਂਟ, ਜਦਕਿ ਰਾਜਵੀਰ ਕੌਰ ਤੇ ਸੁਖਪ੍ਰੀਤ ਕੌਰ ਨੇ ਮੁੱਖ ਭੂਮਿਕਾ ਨਿਭਾਈ। ਇਹ ਇਮਤਿਹਾਨ ਸਕੂਲ ਦੇ ਚੇਅਰਮੈਨ ਸਰਦਾਰ ਹਰਗੋਬਿੰਦ ਸਿੰਘ ਜੀ ਦੀ ਅਗਵਾਈ ਹੇਠ ਅਤੇ ਪ੍ਰਿੰਸੀਪਲ ਸ੍ਰੀਮਤੀ ਸ੍ਰਿਸ਼ਟੀ ਸ਼ਰਮਾ ਜੀ ਦੀ ਦੇਖ ਰੇਖ ਵਿੱਚ ਹੋਇਆ। ਇਸ ਸਮੇਂ ਸਕੂਲ ਦੇ ਇੰਚਾਰਜ ਸ੍ਰੀਮਤੀ ਸ੍ਰਿਸ਼ਟੀ ਸ਼ਰਮਾ ਵੱਲੋਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਮੇਂ-ਸਮੇਂ 'ਤੇ ਇਸ ਤਰ੍ਹਾਂ ਦੇ ਇਮਤਿਹਾਨ ਕਰਵਾਉਂਦੇ ਰਹਿਣਾ ਚਾਹੀਦਾ ਹੈ, ਜਿਸ ਕਰਕੇ ਬੱਚੇ ਆਪਣੇ ਗੁਰਸਿੱਖੀ ਅਤੇ ਪੰਜਾਬੀ ਅਮੀਰ ਵਿਰਸੇ ਨਾਲ ਜੁੜਦੇ ਹਨ ਅਤੇ ਬੱਚਿਆਂ ਨੂੰ ਸਿੱਖਿਆ ਦੇ ਨਾਲ-ਨਾਲ ਹੋਰ ਗਤਵਿਧੀਆਂ ਵਿੱਚ ਭਾਗ ਲੈਣ ਦਾ ਮੌਕਾ ਮਿਲਦਾ ਹੈ। ਇਹ ਇਮਤਿਹਾਨ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਕਰਵਾਇਆ ਗਿਆ। ਇਸ ਟੀਮ ਦੇ ਮੈਂਬਰ ਬਲਜੀਤ ਸਿੰਘ ਅਤੇ ਡਾ. ਰਵਿੰਦਰ ਕਾਨਵੈਂਟ ਸਕੂਲ ਦੇ ਅਧਿਆਪਕ ਨੇ ਸੈਂਟਰ ਸੁਪਰਡੈਂਟ ਦੀ ਭੂਮਿਕਾ ਨਿਭਾਈ ਅਤੇ ਨਾਲ ਹੀ ਅਧਿਆਪਕ ਰਮਨਦੀਪ ਕੌਰ ਨੇ ਮੁੱਖ ਭੂਮਿਕਾ ਨਿਭਾਈ। ਇਹ ਇਮਤਿਹਾਨ ਸਕੂਲ ਦੇ ਚੇਅਰਮੈਨ ਹਰਗੋਬਿੰਦ ਸਿੰਘ ਜੀ ਦੀ ਅਗਵਾਈ ਹੇਠ ਅਤੇ ਪ੍ਰਿੰਸੀਪਲ ਸ੍ਰੀਮਤੀ ਸ੍ਰਿਸ਼ਟੀ ਸ਼ਰਮਾ ਜੀ ਦੀ ਦੇਖ ਰੇਖ ਵਿੱਚ ਹੋਇਆ। ਇਸ ਸਮੇਂ ਸਕੂਲ ਦੇ ਇੰਚਾਰਜ ਸ੍ਰੀਮਤੀ ਸ੍ਰਿਸ਼ਟੀ ਸ਼ਰਮਾ ਵੱਲੋਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਟੀਮ ਦਾ ਧੰਨਵਾਦ ਕੀਤਾ ਗਿਆ ਅਤੇ ਉਹਨਾਂ ਨੇ ਕਿਹਾ ਸਮੇਂ-ਸਮੇਂ ਤੇ ਇਸ ਤਰ੍ਹਾਂ ਦੇ ਇਮਤਿਹਾਨ ਕਰਵਾਉਂਦੇ ਰਹਿਣਾ ਚਾਹੀਦਾ ਹੈ ਜਿਸ ਕਰਕੇ ਬੱਚੇ ਆਪਣੇ ਗੁਰਸਿੱਖੀ ਅਤੇ ਪੰਜਾਬੀ ਅਮੀਰ ਵਿਰਸੇ ਨਾਲ ਜੁੜਦੇ ਹਨ ਅਤੇ ਬੱਚਿਆਂ ਨੂੰ ਸਿੱਖਿਆ ਦੇ ਨਾਲ ਨਾਲ ਆਪਣੀਆਂ ਨੈਤਿਕ ਕਦਰਾਂ ਕੀਮਤਾਂ ਤੋਂ ਜਾਣੂ ਹੋਣ ਦਾ ਮੌਕਾ ਮਿਲਦਾ ਹੈ।

## ਸਰੀ ਵਿਚ ਭਾਰਤੀ ਉਪ ਮਹਾਂਦੀਪ ਦੀ ਵੰਡ ਅਤੇ ਇਸ ਦੇ ਨਤੀਜਿਆਂ ਉੱਪਰ ਵਿਸ਼ੇਸ਼ ਸਮਾਗਮ 6 ਸਤੰਬਰ ਨੂੰ

### ਪ੍ਰਸਿੱਧ ਇਤਿਹਾਸਕਾਰ ਡਾ. ਇਸ਼ਤਿਆਕ ਅਹਿਮਦ ਮੁੱਖ ਬੁਲਾਰੇ ਹੋਣਗੇ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਸਰੀ, 29 ਅਗਸਤ : ਸਾਊਥ ਏਸ਼ੀਅਨ ਰਿਵਿਊ ਪੰਜਾਬੀ ਵਿਰਸਾ ਵੱਲੋਂ 6 ਸਤੰਬਰ 2025 ਨੂੰ ਸਵੇਰੇ 10:30 ਵਜੇ ਤਾਜ ਪਾਰਕ ਕਨਵੈਨਸ਼ਨ ਸੈਂਟਰ ਸਰੀ ਵਿਖੇ ਵਿਸ਼ੇਸ਼ ਵਿਚਾਰ ਚਰਚਾ ਕਰਵਾਈ ਜਾ ਰਹੀ ਹੈ ਜਿਸ ਵਿੱਚ ਪ੍ਰਸਿੱਧ ਵਿਦਵਾਨ, ਇਤਿਹਾਸਕਾਰ ਡਾ. ਇਸ਼ਤਿਆਕ ਅਹਿਮਦ ਮੁੱਖ ਬੁਲਾਰੇ ਹੋਣਗੇ।

ਇਹ ਜਾਣਕਾਰੀ ਦਿੰਦਿਆਂ ਸਾਊਥ ਏਸ਼ੀਅਨ ਰਿਵਿਊ ਪੰਜਾਬੀ ਵਿਰਸਾ ਦੇ ਸੰਚਾਲਕ ਨਵਰੂਪ ਸਿੰਘ ਅਤੇ ਰਿੱਕੀ ਬਾਜਵਾ ਨੇ ਦੱਸਿਆ ਹੈ ਕਿ ਇਸ ਸਮਾਗਮ ਵਿੱਚ ਡਾ. ਇਸ਼ਤਿਆਕ ਅਹਿਮਦ ਮੁੱਖ ਤੌਰ 'ਤੇ ਭਾਰਤੀ ਉਪ ਮਹਾਂਦੀਪ ਦੀ ਵੰਡ ਅਤੇ ਇਸ ਦੇ ਨਤੀਜਿਆਂ ਉੱਪਰ ਵਿਸ਼ੇਸ਼ ਚਰਚਾ ਕਰਨਗੇ। ਜ਼ਿਕਰਯੋਗ ਹੈ ਕਿ ਡਾ. ਇਸ਼ਤਿਆਕ ਅਹਿਮਦ ਸਟੌਕਹੋਮ ਯੂਨੀਵਰਸਿਟੀ ਵਿਚ ਰਾਜਨੀਤੀ ਸ਼ਾਸਤਰ ਦੇ ਸੇਵਾ-ਮੁਕਤ ਮਾਣ-ਨਮਿਤ ਪ੍ਰੋਫ਼ੈਸਰ ਅਤੇ ਸਿੰਘਾਪੁਰ ਨੈਸ਼ਨਲ ਯੂਨੀਵਰਸਿਟੀ ਵਿਚ ਦੱਖਣੀ ਏਸ਼ੀਆ ਅਧਿਐਨ ਸੰਸਥਾਨ (I.S.A.S.) ਵਿਚ ਰਸਮੀ ਖੋਜੀ ਹਨ।

ਡਾ. ਇਸ਼ਤਿਆਕ ਅਹਿਮਦ ਨੇ ਸਿਆਸੀ ਇਸਲਾਮ, ਨਸਲ, ਕੌਮਵਾਦ, ਇਨਸਾਨੀ ਅਤੇ ਘੱਟ ਗਿਣਤੀਆਂ ਦੇ ਹੱਕ, ਵੰਡ, ਅਤੇ ਸਿਨਮੇ ਦੀ ਕਲਾ ਨੂੰ ਪੰਜਾਬ ਦੀ ਦੇਣ ਆਦਿ ਵਿਸ਼ਿਆਂ ਉੱਪਰ ਖੋਜ ਕਾਰਜ ਕੀਤਾ ਹੈ। ਉਹ ਲਾਹੌਰ ਦੇ ਅੰਗਰੇਜ਼ੀ ਅਖ਼ਬਾਰ 'ਦੀ ਫ੍ਰਾਈਡੇ ਟਾਈਮਜ਼' ਵਿਚ ਹਫ਼ਤਾਵਾਰ ਕਾਲਮ ਵੀ ਲਿਖਦੇ ਹਨ। ਉਨ੍ਹਾਂ ਦੀਆਂ ਹੁਣ ਤੱਕ ਸੱਤ ਕਿਤਾਬਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ ਤੇ ਉਹ ਬਹੁਤ ਸਾਰੇ ਖੋਜ-ਪੱਤਰਾਂ ਦੇ ਘੋਖ-ਕਰਤਾ ਰਹੇ ਹਨ। ਉਨ੍ਹਾਂ ਨੇ 1947 ਦੀ ਤਰਾਸਦੀ ਸਬੰਧੀ ਗੁਪਤ ਬਰਤਾਨਵੀ ਰਿਪੋਰਟਾਂ 'ਤੇ ਅਧਾਰਤ ਅਤੇ ਮੌਕੇ ਦੇ ਗਵਾਹਾਂ ਦੀ ਜ਼ਬਾਨੀ ਲਹੂ ਲੁਹਾਣ ਹੋਏ, ਵੰਡੇ ਤੇ ਵੱਡੇ ਟੁੱਕੇ ਗਏ ਪੰਜਾਬ ਦੀ ਮਾਰਮਿਕ ਗਾਥਾ ਨੂੰ ਆਪਣੀ ਪੁਸਤਕ ਵਿੱਚ ਦਰਜ ਕੀਤਾ ਹੈ। ਇਹ ਪੁਸਤਕ ਉਹਨਾਂ ਮੂਲ ਰੂਪ ਵਿੱਚ ਅੰਗਰੇਜ਼ੀ ਵਿੱਚ ਲਿਖੀ ਸੀ ਜੋ ਬਾਅਦ ਵਿਚ ਉਰਦੂ, ਹਿੰਦੀ ਅਤੇ ਪੰਜਾਬੀ ਵਿਚ ਅਨੁਵਾਦ ਹੋ ਚੁੱਕੀ ਹੈ।

ਮਹਾਤਮਾ ਗਾਂਧੀ ਦੇ ਪੋਤੇ ਪ੍ਰੋਫ਼ੈਸਰ ਰਾਜ ਮੋਹਨ ਗਾਂਧੀ ਨੇ ਇਸ ਪੁਸਤਕ ਸਬੰਧੀ ਲਿਖਿਆ ਹੈ ਕਿ ਪੰਜਾਬ ਵਿੱਚ 1947 ਦੀਆਂ ਦਰਦਨਾਕ ਘਟਨਾਵਾਂ ਦੀ ਨਿਰਪੱਖ ਤਸਵੀਰ ਕਰਨ ਦੇ ਨਾਲ ਨਾਲ ਇਸ ਕਿਤਾਬ ਨੇ ਜ਼ਖ਼ਮਾਂ 'ਤੇ ਮਲਮ ਲਾਉਣ ਦਾ ਕੰਮ ਵੀ ਕੀਤਾ ਹੈ ਜੋ ਦੋਵੇਂ ਪਾਸਿਆਂ ਦੇ ਵਿਛੜੇ ਹੋਏ ਪੰਜਾਬੀਆਂ ਦਰਮਿਆਨ ਸੁਲ੍ਹਾ ਕਰਾਉਣ ਵਿੱਚ ਮਦਦ ਕਰ ਸਕਦੀ ਹੈ ਅਤੇ ਉਪ ਮਹਾਂਦੀਪ ਵਿੱਚ ਅਮਨ ਕਾਇਮ ਕਰਨ ਵਿੱਚ ਮਦਦਗਾਰ ਹੋ ਸਕਦੀ ਹੈ।

ਸਾਊਥ ਏਸ਼ੀਅਨ ਰਿਵਿਊ ਪੰਜਾਬੀ ਵਿਰਸਾ ਵੱਲੋਂ ਸਰੀ, ਵੈਨਕੂਵਰ ਅਤੇ ਆਸ ਪਾਸ ਖੇਤਰ ਦੇ ਸਮੂਹ ਸੁਹਿਰਦ ਪੰਜਾਬੀਆਂ ਨੂੰ ਇਸ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਹੈ।

## ਕਿਸ਼ੋਰ ਸਿੱਖਿਆ ਪ੍ਰੋਗਰਾਮ ਤਹਿਤ ਸੈਮੀਨਾਰ ਕਰਵਾਇਆ ਗਿਆ

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ



ਫ਼ਰੀਦਕੋਟ, 29 ਅਗਸਤ : ਜ਼ਿਲਾ ਸਿੱਖਿਆ ਅਫ਼ਸਰ ਸੈਕੰਡਰੀ ਫ਼ਰੀਦਕੋਟ ਸ਼੍ਰੀਮਤੀ ਨੀਲਮ ਰਾਣੀ, ਉਪ ਜ਼ਿਲਾ ਸਿੱਖਿਆ ਅਫ਼ਸਰ ਸੈਕੰਡਰੀ ਪ੍ਰਦੀਪ ਦਿਓੜਾ ਦੀ ਯੋਗ ਸਰਪ੍ਰਸਤੀ, ਪ੍ਰਿੰਸੀਪਲ ਭੁਪਿੰਦਰ ਸਿੰਘ ਬਰਾੜ ਦੀ ਯੋਗ ਅਗਵਾਈ ਅਤੇ ਸਕੂਲ ਨੋਡਲ ਅਫ਼ਸਰ ਲੈਕਚਰਾਰ ਰਾਜਬਿੰਦਰ ਕੌਰ ਦੀ ਦੇਖ-ਰੇਖ ਹੇਠ ਪੀ.ਐਮ.ਸ਼੍ਰੀ ਡਾ.ਮਹਿੰਦਰ ਬਰਾੜ ਸਾਂਭੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਫ਼ਰੀਦਕੋਟ ਵਿਖੇ ਕਿਸ਼ੋਰ ਸਿੱਖਿਆ ਅਵਸਥਾ ਨਾਲ ਸਬੰਧਿਤ ਇੱਕ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ 'ਚ ਡਾ.ਸਿਮਰਨ ਅਤੇ ਡਾ.ਕ੍ਰਿਤਿਕਾ ਵਰਮਾ ਸਿਵਲ ਹਸਪਤਾਲ ਫ਼ਰੀਦਕੋਟ ਸ਼ਾਮਲ ਹੋਏ। ਇਸ ਮੌਕੇ ਡਾ.ਸਿਮਰਨ ਨੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਦੀ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਸਾਨੂੰ ਇਸ ਤੋਂ ਬਚਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਸਾਨੂੰ ਆਪਣੇ ਘਰਾਂ-ਪ੍ਰੀਵਾਰਾਂ ਅਤੇ ਆਲੇ-ਦੁਆਲੇ 'ਚ ਨਸ਼ਿਆਂ ਖਿਲਾਫ਼ ਜਾਗਰੂਕਤਾ ਪੈਦਾ ਕਰਨੀ ਚਾਹੀਦੀ ਹੈ। ਇਸ ਮੌਕੇ ਡਾ.ਕ੍ਰਿਤਿਕਾ ਵਰਮਾ ਨੇ ਵਿਦਿਆਰਥੀਆਂ ਨੂੰ ਐਚ.ਆਈ.ਵੀ ਏਡਜ਼ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੰਦੇ ਹੋਏ ਕਿ ਇਲਾਜ ਨਾਲ ਪ੍ਰਹੇਜ਼ ਹਮੇਸ਼ਾ ਵਧੀਆ ਹੁੰਦਾ ਹੈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਭੁਪਿੰਦਰ ਸਿੰਘ ਬਰਾੜ ਨੇ ਸਾਨੂੰ ਸੈਮੀਨਾਰ ਦੌਰਾਨ ਪ੍ਰਾਪਤ ਗਿਆਨ ਨੂੰ ਅੱਗੇ ਆਪਣੇ ਘਰਾਂ, ਪ੍ਰੀਵਾਰਾਂ ਅਤੇ ਸਮਾਜ 'ਚ ਵੰਡਣਾ ਹੈ। ਇਸ ਮੌਕੇ ਸਕੂਲ ਨੋਡਲ ਅਫ਼ਸਰ ਲੈਕਚਰਾਰ ਰਾਜਬਿੰਦਰ ਕੌਰ ਨੇ ਕਿਸ਼ੋਰ ਅਵਸਥਾ ਸਬੰਧੀ ਜਾਣਕਾਰੀ ਦਿੰਦਿਆਂ ਤੰਦਰੁਸਤ ਜੀਵਨ ਜਿਉਣ ਵਾਸਤੇ ਆਪਣੇ ਅਨੁਭਵ ਸਾਂਝੇ ਕੀਤੇ। ਇਸ ਮੌਕੇ ਵਿਦਿਆਰਥਣਾਂ ਵੱਲੋਂ ਪੁੱਛੇ ਪ੍ਰਸ਼ਨਾਂ ਦੇ ਤਸੱਲੀਬਖਸ਼ ਉੱਤਰ ਦਿੰਦੇ ਗਏ। ਵਿਦਿਆਰਥੀਆਂ ਦੀਆਂ ਸਮੱਸਿਆਵਾ ਨੂੰ ਹੱਲ ਕੀਤਾ ਗਿਆ। ਇਸ ਮੌਕੇ ਸਾਇੰਸ ਮਿਸਟ੍ਰੈਸ ਡਾ.ਕਮਲ ਕਿੰਗਰਾ ਨੇ ਪਹੁੰਚੇ ਡਾਕਟਰ ਸਾਹਿਬਾਨ ਦਾ ਧੰਨਵਾਦ ਕੀਤਾ। ਇਸ ਮੌਕੇ ਸਕੂਲ ਦੇ ਅਧਿਆਪਕ ਤੇ ਵਿਦਿਆਰਥਣਾਂ ਹਾਜ਼ਰ ਸਨ।

## ਬਾਬਾ ਫ਼ਰੀਦ ਧਾਰਮਿਕ ਅਤੇ ਵਿੱਦਿਅਕ ਸੰਸਥਾਵਾਂ ਦੇ ਪ੍ਰਧਾਨ ਸਿਮਰਜੀਤ ਸਿੰਘ ਸੇਖੋਂ ਵੱਲੋਂ ਪ੍ਰੈਸ ਕਾਨਫਰੰਸ

### ਬਾਬਾ ਫ਼ਰੀਦ ਜੀ ਦੇ ਆਗਮਨ-ਪੁਰਬ ਨੂੰ ਲੈ ਕੇ ਜ਼ਿਲ੍ਹਾ ਪ੍ਰਸ਼ਾਸ਼ਨ ਨੂੰ ਬੇਨਤੀ : ਸਿਮਰਜੀਤ ਸਿੰਘ ਸੇਖੋਂ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 29 ਅਗਸਤ : ਬਾਬਾ ਫਰੀਦ ਜੀ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਨਗਰੀ ਫਰੀਦਕੋਟ ਵਿਖੇ ਬਾਬਾ ਸ਼ੇਖ ਫ਼ਰੀਦ ਜੀ ਨੂੰ ਸਮਰਪਿਤ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ 19 ਸਤੰਬਰ ਤੋਂ 23 ਸਤੰਬਰ ਤੱਕ ਮਨਾਏ ਜਾ ਰਹੇ ਬਾਬਾ ਫਰੀਦ ਆਗਮਨ-ਪੁਰਬ ਦੌਰਾਨ ਧਾਰਮਿਕ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਸਬੰਧੀ ਬਾਬਾ ਫ਼ਰੀਦ ਧਾਰਮਿਕ ਅਤੇ ਵਿੱਦਿਅਕ ਸੰਸਥਾਵਾਂ ਦੇ ਪ੍ਰਧਾਨ ਸਿਮਰਜੀਤ ਸਿੰਘ ਸੇਖੋਂ ਵੱਲੋਂ ਪ੍ਰੈਸ ਕਾਨਫਰੰਸ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਸੇਖੋਂ ਸਾਹਿਬ ਨੇ ਕਿਹਾ ਕਿ ਹਰ



ਸਾਲ ਦੀ ਤਰ੍ਹਾਂ ਮੇਲਾ ਇਸ ਸਾਲ ਵੀ ਧੂਮ-ਧਾਮ ਨਾਲ ਮਨਾਇਆ ਜਾਵੇਗਾ। ਉਹਨਾਂ ਸੰਗਤਾਂ ਅੱਗੇ ਅਪੀਲ ਕੀਤੀ ਕੀ ਮੇਲੇ ਦੌਰਾਨ ਸਫ਼ਾਈ ਦਾ ਖ਼ਾਸ ਤੋਰ 'ਤੇ ਧਿਆਨ ਰੱਖਣ, ਪਲਾਸਟਿਕ ਦੀ ਵਰਤੋਂ ਨਾ ਕਰਨ, ਨਾ ਹੀ ਲਿਫ਼ਾਫ਼ੇ ਅਤੇ ਹੋਰ ਗੰਦਗੀ ਸੜਕਾ 'ਤੇ ਸੁੱਟਣ। ਉਹਨਾਂ ਕਿਹਾ ਕਿ ਨਗਰ ਕੀਰਤਨ ਦੌਰਾਨ ਸ਼ਰਧਾਲੂਆਂ ਨੂੰ ਟ੍ਰੈਫਿਕ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ, ਇਸ ਲਈ ਉਹਨਾਂ ਨੇ ਸਰਕਾਰ ਨੂੰ ਵੀ ਪੁਖਤਾ ਪ੍ਰਬੰਧਾ ਲਈ ਬੇਨਤੀ ਕਰਦਿਆਂ ਕਿਹਾ ਕਿ ਐਬੂਲੈਂਸ ਲਈ ਵੀ ਖ਼ਾਸ ਰੂਟ ਬਣਾਏ ਜਾਣ ਤਾਂ ਜੋ ਕਿਸੇ ਨੂੰ ਵੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਹਨਾਂ ਨੇ ਸੰਗਤਾਂ ਅੱਗੇ ਬੇਨਤੀ ਕੀਤੀ ਕਿ ਮੇਲੇ ਨੂੰ ਸਫ਼ਲਤਾਪਰੂਵਕ ਨੇਪਰੇ ਚਾੜਣ ਲਈ ਉਹ ਆਪਣਾ ਪੂਰਾ ਸਹਿਯੋਗ ਪਾਉਣ ਤੇ ਨਾਲ ਹੀ ਪ੍ਰਸ਼ਾਸਨ ਸੰਗਤਾਂ ਦੀ ਸੁਰੱਖਿਆ ਲਈ ਪੂਰਾ ਸਹਿਯੋਗ ਦੇਵੇ। ਇਸ ਮੌਕੇ ਗੁਰਿੰਦਰ ਮੋਹਨ ਸਿੰਘ ਨੇ ਦੱਸਿਆ ਕਿ 19 ਸਤੰਬਰ ਤੋਂ 23 ਸਤੰਬਰ ਤੱਕ ਧਾਰਮਿਕ ਪ੍ਰੋਗਰਾਮ ਕਰਵਾਏ ਜਾਣਗੇ। ਜਿਸ ਵਿੱਚ ਕਥਾਵਾਚਕ ਅਤੇ ਕੀਰਤਨੀਏ ਸਗੰਤਾਂ ਨੂੰ ਆਪਣੇ ਕੀਰਤਨ ਨਾਲ ਨਿਹਾਲ ਕਰਨਗੇ। ਉਹਨਾਂ ਨੇ ਦੱਸਿਆ ਕਿ 19 ਅਤੇ 20 ਸਤੰਬਰ ਨੂੰ ਟਿੱਲਾ ਬਾਬਾ ਫਰੀਦ ਵਿਖੇ ਕਥਾ ਅਤੇ ਕੀਰਤਨ ਦਾ ਆਯੋਜਨ ਕੀਤਾ ਗਿਆ ਹੈ ਅਤੇ 21 ਸਤੰਬਰ ਨੂੰ ਟਿੱਲਾ ਬਾਬਾ ਫਰੀਦ ਵਿਖੇ ਆਖੰਡ ਪਾਠ ਆਰੰਭ ਹੋਣਗੇ, 21 ਸਤੰਬਰ ਨੂੰ ਗੁਰਦੁਆਰਾ ਗੋਦੜੀ ਸਾਹਿਬ ਵਿਖੇ ਕਥਾ ਅਤੇ ਕੀਰਤਨ ਦਰਬਾਰ ਸਜਾਏ ਜਾਣਗੇ, 23 ਸਤੰਬਰ ਨੂੰ ਆਖੰਡ ਪਾਠ ਦੇ ਭੋਗ ਉਪਰੰਤ ਟਿੱਲਾ ਬਾਬਾ ਫਰੀਦ ਤੋਂ ਨਗਰ ਕੀਰਤਨ ਸ਼ੁਰੂ ਹੋਣਗੇ, ਗੁਰਦੁਆਰਾ ਗੋਦੜੀ ਸਾਹਿਬ ਵਿਖੇ ਸਮਾਪਤੀ ਸਮੇਂ ਧਾਰਮਿਕ ਦੀਵਾਨ ਸਜਾਏ ਜਾਣਗੇ ਅਤੇ ਸੰਗਤਾਂ ਦੀ ਹਾਜ਼ਰੀ ਦੌਰਾਨ ਬਾਬਾ ਫਰੀਦ ਐਵਾਰਡ ਫਾਰ ਸਰਵਿਸ ਟੂ ਹਿਊਮੈਂਨਿਟੀ ਅਤੇ ਇੰਦਰਜੀਤ ਸਿੰਘ ਖਾਲਸਾ ਯਾਦਗਾਰੀ ਐਵਾਰਡ ਵੀ ਦਿੱਤੇ ਜਾਣਗੇ। ਇਸ ਮੌਕੇ ਬਾਬਾ ਫ਼ਰੀਦ ਧਾਰਮਿਕ ਸੰਸਥਾਵਾਂ ਤੋਂ ਚਰਨਜੀਤ ਸਿੰਘ ਸੇਖੋਂ, ਦੀਪਇੰਦਰ ਸਿੰਘ ਸੇਖੋਂ, ਗੁਰਜਾਪ ਸਿੰਘ ਸੇਖੋਂ, ਸੁਰਿੰਦਰ ਸਿੰਘ ਰੋਮਾਣਾ, ਕੁਲਜੀਤ ਸਿੰਘ ਮੋਂਗੀਆ ਅਤੇ ਨਰਿੰਦਰ ਪਾਲ ਸਿੰਘ ਬਰਾੜ ਮੈਂਬਰਜ਼ ਵੀ ਸ਼ਾਮਿਲ ਸਨ।